**ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ**

**Office of the Deputy Commissioner-cum-District Magistrate, Faridkot**

(MA Branch)

ਹੁਕਮ ਨੰ: ੪੦੦ /ਫਸ

ਕਰੋਨਾ ਵਾਇਰਸ ਦੇ ਫੈਲਣ ਤੋਂ ਬਚਾਅ ਸਬੰਧੀ ਇਸ ਦਫਤਰ ਦੇ ਹੁਕਮ ਨੰ: 212/ਫਸ ਮਿਤੀ 23.03.2020, ਜੋ ਕਿ ਪਿ:ਅੰ:ਨੰ: 1587/ਐਮ.ਏ. ਮਿਤੀ: 23/3/2020 ਰਾਹੀਂ ਜਿਲ੍ਹਾ ਫਰੀਦਕੋਟ ਵਿੱਚ ਮਿਤੀ: 23/3/2020 ਬਾਅਦ ਦੁਪਹਿਰ 02:00 ਵਜੇ ਤੋਂ ਅਗਲੇ ਹੁਕਮਾਂ ਤੱਕ ਕਰਫਿਊ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਸਨ।

ਭਾਰਤ ਸਰਕਾਰ, ਗ੍ਰਹਿ ਮਾਮਲੇ ਮੰਤਰਾਲਾ ਅਤੇ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਪਾਸੋਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਆਧਾਰ ਤੇ ਇਸ ਦਫਤਰ ਦੇ ਹੁਕਮ ਨੰ: 384/ਫਸ ਮਿਤੀ 30.04.2020, ਜੋ ਪਿ.ਅੰ.ਨੰ: 2355/ਫਸ ਮਿਤੀ 30.04.2020 ਰਾਹੀਂ ਜਾਰੀ ਹੋਏ ਅਨੁਸਾਰ ਜਿਲ੍ਹਾ ਫਰੀਦਕੋਟ ਅੰਦਰ ਕੁਝ ਕੈਟਾਗਰੀਆਂ ਨੂੰ ਸਵੇਰੇ 07.00 ਵਜੇ ਤੋਂ 11.00 ਵਜੇ ਤੱਕ ਦੁਕਾਨਾਂ ਖੋਲਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਅੱਜ ਸਵੇਰੇ ਬਹੁਤ ਜਿਆਦਾ ਪਬਲਿਕ ਬਜਾਰਾਂ ਅਤੇ ਗਲੀਆਂ ਵਿੱਚ ਆ ਗਈ, ਜਿਸ ਕਰਕੇ ਬਜਾਰਾਂ/ਗਲੀਆਂ ਵਿੱਚ ਬਹੁਤ ਜਿਆਦਾ ਭੀੜ ਪਾਈ ਗਈ। ਜਿਸ ਨਾਲ ਕੋਵਿਡ-19 ਵਰਗੀ ਭਿਆਨਕ ਬਿਮਾਰੀ ਫੈਲਣ ਦਾ ਖਦਸ਼ਾ ਵੱਧ ਜਾਂਦਾ ਹੈ।

ਇਸ ਲਈ ਮੈਂ **ਕੁਮਾਰ ਸੌਰਭ ਰਾਜ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਫਰੀਦਕੋਟ** ਫੋਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲ੍ਹਾ ਫਰੀਦਕੋਟ ਅੰਦਰ ਸਵੇਰੇ 07.00 ਵਜੇ ਤੋਂ 11.00 ਵਜੇ ਤੱਕ ਦਿੱਤੀ ਗਈ ਢਿੱਲ ਦੌਰਾਨ ਦੋ ਪਹੀਆ ਵਹੀਕਲਜ਼/ਚਾਰ ਪਹੀਆ ਮੋਟਰ ਵਹੀਕਲਜ਼ ਦੀ ਮੂਵਮੈਂਟ ਤੇ ਪੂਰਨ ਤੋਰ ਤੇ ਰੋਕ ਲਗਾਈ ਜਾਂਦੀ ਹੈ, ਭਾਵ ਹੁਣ ਕੋਈ ਵਿਅਕਤੀ ਦੋ ਪਹੀਆ ਵਹੀਕਲਜ/ਚਾਰ ਪਹੀਆ ਮੋਟਰ ਵਹੀਕਲਜ਼ ਤੇ ਢਿੱਲ ਦੌਰਾਨ ਸਵੇਰੇ 07.00 ਵਜੇ ਤੋਂ ਸਵੇਰੇ 11.00 ਵਜੇ ਤੱਕ ਮੂਵਮੈਂਟ ਨਹੀਂ ਕਰੇਗਾ।

ਇਨ੍ਹਾਂ ਹੁਕਮਾਂ ਤੋਂ ਕਰਫਿਊ ਪਾਸ ਹੋਲਡਰ/ਮੂਵਮੈਂਟ ਪਾਸ ਹੋਲਡਰ ਅਤੇ ਜਿਹੜੇ ਮੁਲਾਜਮ ਸਰਕਾਰੀ ਡਿਊਟੀ ਤੇ ਹਨ, ਨੂੰ ਛੋਟ ਹੋਵੇਗੀ। ਇਸ ਤੋਂ ਇਲਾਵਾ ਟਰੈਕਟਰ, ਟਰਾਲੀਆਂ ਅਤੇ ਗੂਡਜ਼ ਵਹੀਕਲਜ਼ ਨੂੰ ਵੀ ਇਹ ਛੋਟ ਪ੍ਰਾਪਤ ਹੋਵੇਗੀ।

ਸਿਰਫ ਗਰਭਵਤੀ ਔਰਤ ਅਤੇ ਸਰੀਰਕ ਤੋਰ ਤੇ ਅਪੰਗ ਵਿਅਕਤੀ ਜਾਂ ਮੈਡੀਕਲ ਐਮਰਜੈਂਸੀ ਵਾਲੇ ਹਲਾਤਾਂ ਵਿੱਚ ਹੀ ਦੋ ਪਹੀਆ ਵਹੀਕਲਜ਼/ਚਾਰ ਪਹੀਆ ਮੋਟਰ ਵਹੀਕਲਜ਼ ਨੂੰ ਕਰਫਿਊ ਦੌਰਾਨ ਚੱਲਣ ਦੀ ਆਗਿਆ ਹੋਵੇਗੀ।

**ਐਤਵਾਰ ਨੂੰ ਸਵੇਰੇ 07.00 ਵਜੇ ਤੋਂ 11.00 ਵਜੇ ਦੁਕਾਨਾਂ ਖੋਲਣ ਦੀ ਛੋਟ ਨਹੀਂ ਹੋਵੇਗੀ।**

ਇਸ ਸਬੰਧੀ ਜੇਕਰ ਕਿਸੇ ਵਿਅਕਤੀ ਵਲੋਂ ਉਪਰੋਕਤ ਹਦਾਇਤਾਂ ਅਤੇ ਕੋਵਿਡ-19 ਨਾਲ ਸਬੰਧਤ ਹਦਾਇਤਾਂ ਦੀ ਕੋਈ ਵੀ ਉਲੰਘਣਾ ਕੀਤੀ ਗਈ/ਪਾਈ ਜਾਂਦੀ ਹੈ ਤਾਂ ਉਨ੍ਹਾਂ ਵਿਰੁੱਧ ਆਈ.ਪੀ.ਸੀ. ਦੀ ਧਾਰਾ 188, Epidemic Diseases Act, 1897 ਅਤੇ Disaster Management Act, 2005 ਤਹਿਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਜਿਲ੍ਹਾ ਮੈਜਿਸਟਰੇਟ, ਫਰੀਦਕੋਟ

ਮਿਤੀ 02.05.2020

(ਕੁਮਾਰ ਸੌਰਭ ਰਾਜ), ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

Scanned with CamScanner

ਪਿ.ਅੰ.ਨੰ: 2518 /ਫਸ ਮਿਤੀ 02.05.2020

ਇਸ ਦਾ ਇੱਕ ਉਤਾਰਾ:

1. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।
2. ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ।
3. ਉਪ ਮੰਡਲ ਮੈਜਿਸਟਰੇਟ, ਫਰੀਦਕੋਟ/ਕੋਟਕਪੂਰਾ/ਜੈਤੋ।
4. ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ।
5. ਸਿਵਲ ਸਰਜਨ, ਫਰੀਦਕੋਟ।
6. ਤਹਿਸੀਲਦਾਰ, ਫਰਦੀਕੋਟ/ਕੋਟਕਪੂਰਾ/ਜੈਤੋ।
7. ਮੁੱਖ ਖੇਤੀਬਾੜੀ ਅਫਸਰ, ਫਰੀਦਕੋਟ।
8. ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਫਰੀਦਕੋਟ।
9. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਫਰੀਦਕੋਟ।
10. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਫਰੀਦਕੋਟ/ਕੋਟਕਪੂਰਾ/ਜੈਤੋ
11. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਫਰੀਦਕੋਟ/ਕੋਟਕਪੂਰਾ/ਜੈਤੋ

ਪਾਸ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ

ਸਹਾਇਕ ਕਮਿਸ਼ਨਰ (ਜ)
ਵਾਸਤੇ ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner